UNIVERSITY OF CAMBRIDGE LOCAL EXAMINATIONS SYNDICATE
in collaboration with
MINISTRY OF EDUCATION, SINGAPORE
General Certificate of Education Ordinary Level

**PANJABI** **3203/02**

Paper 2 Language Usage and Comprehension

October/November 2004

**1 hour 30 minutes**

Additional Materials: Answer Booklet/Paper

**READ THESE INSTRUCTIONS FIRST**

If you have been given an Answer Booklet, follow the instructions on the front cover of the Booklet.
Write your Centre number, index number and name on all the work you hand in.
Write in dark blue or black pen on both sides of the paper.
Do not use staples, paper clips, highlighters, glue or correction fluid.

Answer **all** questions.
The number of marks is given in brackets [ ] at the end of each question or part question.
At the end of the examination, fasten all your work securely together.

This document consists of **10** printed pages and **2** blank pages.

SP (CW/TL) S63346/3
© UCLES 2004
UNIVERSITY of CAMBRIDGE International Examinations

## Section A
## ਭਾਗ (ੳ)

**A1 Combination of Words** **[10 marks]**

**ਸਮਾਸੀ ਸ਼ਬਦ**

*ਅਗੇਤਰ/ਪਛੇਤਰ 'ਵਰ' ਅਤੇ 'ਲਾ' ਨੂੰ ਹੇਠਾਂ ਦਿੱਤੇ ਪੰਜ ਮੂਲ ਸ਼ਬਦਾਂ ਨਾਲ ਜੋੜ ਕੇ ਨਵੇਂ ਪੰਜ ਸਮਾਸੀ ਸ਼ਬਦ ਬਣਾਓ:*

**1** ਪਤਾ

**2** ਤਾਕਤ

**3** ਜਾਨ

**4** ਪਰਵਾਹ

**5** ਵਾਰਸ

© UCLES 2004

**A2 Idioms, Proverbs and Words in Pairs** **[10 marks]**

**ਮੁਹਾਵਰੇ, ਅਖਾਣ, ਵਾਕੰਸ਼**

*ਹੇਠ ਦਿੱਤੇ ਵਾਕਾਂ ਵਿੱਚ ਖਾਲੀ ਥਾਂਵਾਂ ਛੱਡੀਆਂ ਗਈਆਂ ਹਨ । ਕੁਝ ਮੁਹਾਵਰੇ, ਵਾਕੰਸ਼, ਅਖਾਣ, ਥੱਲੇ ਦਿੱਤੇ ਗਏ ਹਨ । ਇਨ੍ਹਾਂ ਵਿੱਚੋਂ ਢੁਕਵੀਂ ਚੋਣ ਕਰਕੇ ਵਾਕਾਂ ਦੀਆਂ ਖਾਲੀ ਥਾਂਵਾਂ ਭਰਨ ਲਈ ਉਸਦਾ ਉੱਤਰ ਢੁਕਵੇਂ ਸੁਆਲ ਦੇ ਨੰਬਰ ਸਾਹਮਣੇ ਆਪਣੇ ਉੱਤਰ ਪੰਨੇ ਵਿੱਚ ਦਿਓ:*

**6** ਅੱਜ ਕੱਲ੍ਹ ਮੇਰਾ ਆਪਣਾ ਹੀ ______________ ਹੈ ਇਸ ਲਈ ਮੈਂ ਆਪ ਦੀ ਕੋਈ ਮਦਦ ਨਹੀਂ ਕਰ ਸਕਦਾ ।

**7** ਹੁਣ ਪਛਤਾਉਣ ਦਾ ਕੀ ਫਾਇਦਾ, ਤੁਹਾਨੂੰ ਪਹਿਲਾਂ ਹੀ ________________________ ਚਾਹੀਦੇ ਸਨ ।

**8** ਕਚਹਿਰੀ ਵਿੱਚ ਝੂਠੇ ਸਾਬਤ ਹੋਣ ਤੇ ਮੰਤਰੀ ਜੀ ___________________ ਗਏ ।

**9** ਕਾਰ ਦੀ ਟੱਕਰ ਤਾਂ ਬਹੁਤ ਖਤਰਨਾਕ ਹੋਈ ਸੀ ਪਰ ਵਾਹਿਗੁਰੂ ਦੀ ਕਿਰਪਾ ਨਾਲ ਉਹ _______________ __________ ਗਿਆ ।

**10** ਆਪਣੀ ਤਰੱਕੀ ਲਈ ਉਹ ਅੱਜ ਕੱਲ੍ਹ ਆਪਣੇ ਮੈਨੇਜਰ ਦੀਆਂ _____________________ ਫਿਰਦਾ ਹੈ ।

| | | | |
|---|---|---|---|
| **(1)** | ਸੋਹਿਲੇ ਗਾਉਣੇ | **(6)** | ਹੱਥਾਂ ਦੇ ਤੋਤੇ ਉਡਣੇ |
| **(2)** | ਜੁੱਤੀਆਂ ਚੱਟਣੀਆਂ | **(7)** | ਹੱਥ ਤੰਗ ਹੋਣਾ |
| **(3)** | ਰੰਗ ਉਡਣਾ | **(8)** | ਸਾਖੀ ਭਰਨਾ |
| **(4)** | ਸਿਰ ਖਾਣਾ | **(9)** | ਚਾਦਰ ਵੇਖ ਕੇ ਪੈਰ ਪਸਾਰਨੇ |
| **(5)** | ਪਾਣੀ ਪਾਣੀ ਹੋਣਾ | **(10)** | ਵਾਲ ਵਾਲ ਬਚਣਾ |

© UCLES 2004

**A3 Sentence Transformation** **[10 marks]**

**ਵਾਕ ਵਟਾਂਦਰਾ**

*ਹੇਠ ਲਿਖੇ ਅਧੂਰੇ ਵਾਕਾਂ ਨੂੰ ਇਉਂ ਬਦਲੋ ਕਿ ਉਸ ਤੋਂ ਉੱਪਰ ਦਿੱਤੇ ਵਾਕ ਤੋਂ ਇਸ ਦਾ ਅਰਥ ਨਾ ਬਦਲੇ । ਉੱਤਰ ਕੇਵਲ ਉੱਤਰ ਪੰਨੇ ਵਿੱਚ ਲਿਖੋ ।*

**11** ਜਦ ਮੈਂ ਆਪਣੇ ਪਾਸ ਹੋਣ ਦੀ ਖਬਰ ਸੁਣੀ, ਮੈਂ ਬਹੁਤ ਖੁਸ਼ ਹੋਇਆ ।

ਆਪਣੇ ਪਾਸ ਹੋਣ ਦੀ ਖਬਰ ਸੁਣ ਕੇ ਮੈਨੂੰ ________________________________।

**12** ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਜਿਹਾ ਕੋਈ ਸਿਆਣਾ ਰਾਜਾ ਨਹੀਂ ਹੋਇਆ ।

ਮਹਾਰਾਜਾ ਰਣਜੀਤ ਸਿੰਘ ਪੰਜਾਬ ਵਿੱਚ ਇੱਕ ________________________________ ਹੈ ।

**13** ਦੇਸ਼ ਦੀ ਰੱਖਿਆ ਲਈ ਸਿਰ ਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ ।

ਸਿਰ ਧੜ ਦੀ ਬਾਜ਼ੀ ਲਾ ਕੇ ਹੀ ਦੇਸ਼ ਦੀ ________________________________ ਹੈ ।

**14** ਵੱਡੇ ਵੱਡੇ ਕੰਮ ਉਹੀਓ ਲੋਕ ਕਰ ਸਕਦੇ ਹਨ ਜੋ ਮੌਤ ਦੀ ਪ੍ਰਵਾਹ ਨਹੀਂ ਕਰਦੇ ।

ਮੌਤ ਦੀ ਪ੍ਰਵਾਹ ਨਾ ਕਰਨ ਵਾਲੇ ਲੋਕ ਹੀ ________________________________ ਹਨ ।

**15** ਜਦ ਮੈਂ ਸਟੇਸ਼ਨ ਤੇ ਪਹੁੰਚਿਆ ਤਾਂ ਪੌਣੇ ਤਿੰਨ ਵਾਲੀ ਗੱਡੀ ਨਿਕਲ ਚੁੱਕੀ ਸੀ ।

ਮੇਰੇ ਸਟੇਸ਼ਨ ਤੇ ਪਹੁੰਚਣ ਤੋਂ ਪਹਿਲਾਂ ਦੋ ਵੱਜ ਕੇ ________________________ਨਿਕਲ ਚੁੱਕੀ ਸੀ ।

**A4 Cloze Passage** **[20 marks]**

**ਵਾਰਤਕ ਅੰਸ਼ (ਕਲੋਜ਼)**

*ਇਸ ਵਾਰਤਕ ਅੰਸ਼ ਵਿੱਚ ਖਾਲੀ ਥਾਂਵਾਂ ਭਰਨ ਲਈ ਉਚਿਤ ਸ਼ਬਦ/ਪਦ ਹੇਠਾਂ ਦਿੱਤੇ ਗਏ ਹਨ । ਹਰ ਖਾਲੀ ਥਾਂ ਭਰਨ ਲਈ ਉਚਿਤ ਸ਼ਬਦ/ਪਦ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ ।*

ਮਨੋਰੰਜਨ ਮਨੁੱਖ ਦੀ ਜ਼ਿੰਦਗੀ ਦੀ ਇੱਕ _____ **16** _____ ਲੋੜ ਹੈ । ਦੂਸਰੇ ਸ਼ਬਦਾਂ ਵਿੱਚ ਇਹ ਸਾਡੀ _____ **17** _____ ਦੀ ਖੁਰਾਕ ਹੈ । ਸਾਰੇ ਦਿਨ ਦੀ _____ **18** _____ ਤੋਂ ਅੱਕਿਆ ਥੱਕਿਆ ਮਨੁੱਖ ਜਦੋਂ ਸ਼ਾਮ ਨੂੰ ਘਰ ਪਰਤਦਾ ਹੈ ਤਾਂ ਉਹ ਮਨੋਰੰਜਨ ਦੀ ਰਾਹੀਂ ਆਪਣੀ _____ **19** _____ ਦੂਰ ਕਰਨਾ ਚਾਹੁੰਦਾ ਹੈ । ਸਮੇਂ ਦੇ ਬਦਲਣ ਨਾਲ ਮਨੋਰੰਜਨ ਦੇ _____ **20** _____ ਵੀ ਬਦਲਦੇ ਰਹੇ ਹਨ । ਪੁਰਾਣੇ ਸਮਿਆਂ ਵਿੱਚ ਭੰਡਾਂ ਦੀਆਂ ਨਕਲਾਂ ਅਤੇ ਤੁਰਦੀਆਂ ਫਿਰਦੀਆਂ ਨਾਟਕ ਮੰਡਲੀਆਂ ਛੋਟੇ ਛੋਟੇ ਨਾਟਕ ਕਰਕੇ _____ **21** _____ ਦਾ ਮਨੋਰੰਜਨ ਕਰਦੀਆਂ ਸਨ । ਪਰ ਹੁਣ ਥੀਏਟਰ ਅਤੇ ਟੀ.ਵੀ ਨੇ ਲੋਕਾਂ ਦੇ ਮਨੋਰੰਜਨ ਦੇ ਸਾਧਨ ਹੀ ਬਦਲ ਦਿੱਤੇ ਹਨ । ਮਨੋਰੰਜਨ ਤੋਂ ਬਿਨਾਂ ਮਨੁੱਖ ਦਾ ਜੀਵਨ _____ **22** _____ ਹੋ ਜਾਂਦਾ ਹੈ । ਕੁਝ ਅਮੀਰ ਲੋਕ ਕਲੱਬਾਂ ਵਿੱਚ ਜਾ ਕੇ _____ **23** _____ ਅਤੇ ਗੌਲਫ ਆਦਿ ਖੇਡ ਕੇ ਆਪਣਾ ਮਨੋਰੰਜਨ ਕਰਦੇ ਹਨ । ਕਈ ਸਿਆਣੇ ਲੋਕ ਆਪਣੇ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਸੁਣ ਕੇ ਅਤੇ ਉਨ੍ਹਾਂ ਨਾਲ ਹੱਸ ਖੇਡ ਕੇ ਆਪਣਾ _____ **24** _____ ਭੁਲ ਜਾਂਦੇ ਹਨ । ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਅਸੀਂ ਮਨੋਰੰਜਨ ਦੇ _____ **25** _____ ਸਾਧਨਾਂ ਦੀ ਲੋੜ ਤੋਂ ਵੱਧ ਵਰਤੋਂ ਨਾ ਕਰੀਏ ।

| | | | | | |
|---|---|---|---|---|---|
| **(1)** | ਦਰਸ਼ਕਾਂ | **(6)** | ਮਨੋਰੰਜਨ | **(11)** | ਨੀਰਸ |
| **(2)** | ਆਧੁਨਿਕ | **(7)** | ਥਕੇਵਾਂ | **(12)** | ਨਾਟਕ |
| **(3)** | ਥੱਕਿਆ | **(8)** | ਲੋਕਾਂ ਦੇ | **(13)** | ਨਾਚ ਗਾਣੇ |
| **(4)** | ਦੌੜ-ਭੱਜ | **(9)** | ਥਕਾਵਟ | **(14)** | ਰੂਹ |
| **(5)** | ਸਾਧਨ | **(10)** | ਮਹੱਤਵਪੂਰਨ | **(15)** | ਹੱਸ ਖੇਡ ਕੇ |

© UCLES 2004

## Section B

### ਭਾਗ (ਅ)

*ਹੇਠ ਲਿਖੇ ਲੇਖ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸੁਆਲਾਂ ਦੇ ਉੱਤਰ ਦਿਓ :*

ਬੰਗਾਲ ਵਿੱਚ ਲੇਖਕ ਤਾਂ ਬਹੁਤ ਹੋਏ ਹਨ ਪ੍ਰੰਤੂ *ਬੰਕਿਮ ਚੰਦਰ ਚਟੋਪਾਧਿਆ* ਦੀ ਗੱਲ ਹੀ ਵਖਰੀ ਹੈ । ਉਸ ਦਾ ਜਨਮ ਕਲਕੱਤਾ ਦੇ ਨੇੜੇ ਨੌਹਾਟੀ ਕਸਬੇ ਵਿੱਚ ਇੱਕ ਉੱਚੇ ਪਰਿਵਾਰ ਵਿੱਚ ਹੋਇਆ ਸੀ । ਉਸ ਨੇ ਕਈ ਨਾਵਲ ਲਿਖੇ ਪਰ 'ਬੰਦੇ ਮਾਤਰਮ' ਗੀਤ ਲਿਖ ਕੇ ਤਾਂ ਆਪਣੇ ਆਪ ਨੂੰ ਸਦਾ ਲਈ ਅਮਰ ਹੀ ਕਰ ਲਿਆ । ਬੰਕਿਮ ਬਾਬੂ ਦੇ ਨਾਵਲਾਂ ਵਿੱਚੋਂ 'ਅਨੰਦ ਮੱਠ' ਸਭ ਤੋਂ ਵੱਧ ਲੋਕ ਪ੍ਰਿਆ ਹੋਇਆ । ਇਹ ਬੰਗਾਲ ਦੇ ਭਿਆਨਕ ਕਾਲ਼ ਦੀ ਕਹਾਣੀ ਹੈ ਜਿਹੜਾ ਕਿ *ਸਰ ਜਾੱਨ ਸ਼ੋਰ* ਦੀ ਰਿਪੋਰਟ ਮੁਤਾਬਿਕ 1769-1770 ਵਿੱਚ ਪਿਆ ਸੀ । ਇਸ ਕਾਲ਼ ਦੇ ਦੌਰਾਨ ਅੰਨ ਸੋਨੇ ਦੇ ਭਾਅ ਵਿਕਦਾ ਸੀ । ਬੱਚੇ ਮਾਂਵਾਂ ਦੀਆਂ ਗੋਦਾਂ ਵਿੱਚ ਹੀ ਤੜਫ ਤੜਫ ਦੇ ਮਰ ਜਾਂਦੇ ਸਨ । ਲੋਕਾਂ ਦੀਆਂ ਲਾਸ਼ਾਂ ਨੂੰ ਇੱਲਾਂ, ਕਾਂ ਅਤੇ ਕੁੱਤੇ ਚੂੰਡ ਚੂੰਡ ਕੇ ਖਾਂਦੇ ਫਿਰਦੇ ਸਨ ।

ਇੱਕ ਪਾਸੇ ਕੁਦਰਤ ਦਾ ਕਹਿਰ ਢਹਿ ਰਿਹਾ ਸੀ ਤੇ ਦੂਜੇ ਪਾਸੇ ਨਵਾਬਾਂ ਦਾ ਰਾਜ ਸੀ, ਜਿਸ ਨੂੰ ਚਲਾ ਰਿਹਾ ਸੀ ਮੁਰਸ਼ਦਾਬਾਦ ਦਾ ਨਵਾਬ *ਮੀਰ ਜਾਫਰ* । ਉੱਪਰੋਂ ਅੰਗਰੇਜ਼ਾਂ ਨੇ *ਸ਼ਾਹ ਆਲਮ* ਪਾਸੋਂ ਮਾਮਲੇ ਦੀ ਵਸੂਲੀ ਆਪਣੇ ਹੱਥ ਲੈ ਲਈ ਸੀ । ਜੰਤਾ ਦੋ ਰਾਜਾਂ ਵਿਚਕਾਰ ਪੀਹ ਹੋ ਰਹੀ ਸੀ । ਕਹਿੰਦੇ ਹਨ ਕਿ ਜਦੋਂ ਦੋ ਸਰਕਾਰਾਂ ਦਾ ਰਾਜ ਹੁੰਦਾ ਹੈ ਤਾਂ ਇਸ ਦੇ ਦੁੱਖ ਵੀ ਦੁੱਗਣੇ ਹੁੰਦੇ ਹਨ । ਜਿਵੇਂ ਮੱਸਿਆ ਦੀ ਰਾਤ ਨੂੰ ਚੰਦ ਨਾ ਹੋਣ ਕਰਕੇ ਰਾਤ ਹੋਰ ਵੀ ਕਾਲੀ ਹੋ ਜਾਂਦੀ ਹੈ । ਇਹ ਹੀ ਹਾਲ ਕਾਲ਼ ਪੈਣ ਕਰਕੇ ਬੰਗਾਲ ਦਾ ਹੋ ਰਿਹਾ ਸੀ । ਕੋਈ ਵੀ ਸਹਾਰਾ ਨਹੀਂ ਸੀ – ਕੇਵਲ ਸਰਕਾਰਾਂ ਦਾ ਜ਼ੁਲਮ ਹੀ ਸੀ ।

ਇਸ ਜ਼ੁਲਮ ਤੋਂ ਤੰਗ ਆ ਕੇ ਸੰਨਿਆਸੀ ਸੰਤਾਂ ਨੇ ਵੀ ਬਗਾਵਤ ਕਰ ਦਿੱਤੀ । ਉਹ ਪਿੰਡ ਪਿੰਡ ਜਾ ਕੇ 'ਬੰਦੇ ਮਾਤਰਮ' ਦਾ ਗੀਤ ਗਾਉਂਦੇ ਅਤੇ ਲੋਕਾਂ ਨੂੰ ਆਜ਼ਾਦੀ ਲਈ ਜਾਗਰਤ ਕਰਦੇ । ਬੰਕਿਮ ਬਾਬੂ ਨੇ ਇਸ ਤਿੰਨ ਪੱਖੀ ਘਟਨਾ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਚਿਤਰ ਕੇ ਆਪਣੇ ਨਾਵਲ ਵਿੱਚ ਪਰੋਇਆ । ਬੰਗਾਲ ਵਿੱਚ ਇਹ ਨਾਵਲ ਬਹੁਤ ਹੀ ਲੋਕ ਪ੍ਰਿਆ ਹੋਇਆ ਅਤੇ ਇਸ ਦਾ 'ਬੰਦੇ ਮਾਤਰਮ' ਗੀਤ ਘਰ ਘਰ ਵਿੱਚ ਗਾਇਆ ਜਾਣ ਲੱਗ ਪਿਆ ।

**B5 MCQ Comprehension** **[14 marks]**
**ਸਮਝਣਾ ਬਹੁਵਿਕਲਪੀ ਸੁਆਲ**

*ਉਪਰੋਕਤ ਵਾਰਤਕ ਦੇ ਆਧਾਰ ਤੇ ਹੇਠ ਲਿਖੇ ਸੁਆਲਾਂ ਦੇ ਚਾਰ-ਚਾਰ ਉੱਤਰ ਸੁਝਾਏ ਗਏ ਹਨ । ਇਨ੍ਹਾਂ ਵਿੱਚੋਂ ਕੇਵਲ ਇੱਕ ਉੱਤਰ ਹੀ ਠੀਕ ਹੈ । ਠੀਕ ਉੱਤਰ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ ।*

**26** ਬੰਕਿਮ ਚੰਦਰ ਚਟੋਪਾਧਿਆ ਦਾ ਜਨਮ ਕਿੱਥੇ ਹੋਇਆ ਸੀ ?

**(1)** ਕਲਕੱਤੇ ਵਿੱਚ

**(2)** ਨੌਹਾਟੀ ਵਿੱਚ

**(3)** ਗੌਹਾਟੀ ਵਿੱਚ

**(4)** ਅਨੰਦ ਮੱਠ ਵਿੱਚ

**27** ਬੰਕਿਮ ਬਾਬੂ ਨੇ ਆਪਣੇ ਆਪ ਨੂੰ ਸਦਾ ਲਈ ਕਿਵੇਂ ਅਮਰ ਕੀਤਾ ?

**(1)** ਕਈ ਨਾਵਲ ਲਿਖ ਕੇ

**(2)** ਕਾਲ਼ ਦਾ ਸਦੀਵੀ ਚਿਤਰਨ ਕਰਕੇ

**(3)** ਬੰਦੇ ਮਾਤਰਮ ਗੀਤ ਲਿਖ ਕੇ

**(4)** ਪਿੰਡ ਪਿੰਡ ਵਿੱਚ ਗੀਤ ਗਾ ਕੇ

**28** ਬੰਕਿਮ ਬਾਬੂ ਦਾ ਸਭ ਤੋਂ ਪ੍ਰਸਿੱਧ ਨਾਵਲ ਕਿਸ ਬਾਰੇ ਸੀ ?

**(1)** ਬੰਗਾਲ ਦੇ ਭਿਆਨਕ ਕਾਲ਼ ਬਾਰੇ

**(2)** ਨਵਾਬਾਂ ਦੇ ਰਾਜ ਬਾਰੇ

**(3)** ਅੰਗਰੇਜ਼ਾਂ ਬਾਰੇ

**(4)** ਅੰਨ ਦੇ ਭਾਅ ਬਾਰੇ

**29** ਕਾਲ਼ ਦੇ ਦਿਨਾਂ ਵਿੱਚ ਬੰਗਾਲ 'ਤੇ ਕਿਸ ਦਾ ਰਾਜ ਸੀ ?

**(1)** ਸ਼ਾਹ ਆਲਮ ਦਾ

**(2)** ਅੰਗਰੇਜ਼ਾਂ ਦਾ

**(3)** ਜੰਤਾ ਦਾ

**(4)** ਨਵਾਬ ਮੀਰ ਜਾਫਰ ਦਾ

**30** ਦੋਹਰੀ ਸਰਕਾਰ ਦੇ ਰਾਜ ਵੇਲੇ ਕੀ ਵਾਪਰਦਾ ਹੈ ?

**(1)** ਰਾਤ ਹੋਰ ਕਾਲ਼ੀ ਹੋ ਜਾਂਦੀ ਹੈ

**(2)** ਚੰਦ ਛੁਪ ਜਾਂਦਾ ਹੈ

**(3)** ਜੰਤਾ ਦੇ ਦੁਖ ਦੁਗਣੇ ਹੋ ਜਾਂਦੇ ਹਨ

**(4)** ਕੋਈ ਸਹਾਰਾ ਨਹੀਂ ਰਹਿੰਦਾ

**31** ਸੰਨਿਆਸੀਆਂ ਨੇ ਬਗਾਵਤ ਕਿਉਂ ਕੀਤੀ ਸੀ ?

**(1)** ਅੰਗਰੇਜ਼ਾਂ ਦੇ ਇਸ਼ਾਰੇ ਤੇ

**(2)** ਸਰਕਾਰ ਦੇ ਜ਼ੁਲਮ ਤੋਂ ਤੰਗ ਆ ਕੇ

**(3)** ਨਵਾਬਾਂ ਦੇ ਕਹਿਣ ਤੇ

**(4)** ਜੰਤਾ ਦੇ ਕਹਿਣ ਤੇ

**32** ਅਨੰਦ ਮੱਠ ਦੀ ਕਹਾਣੀ ਕਿਸ ਤਰ੍ਹਾਂ ਦੀ ਹੈ ?

**(1)** ਤਿੰਨ ਪੱਖੀ

**(2)** ਸਦੀਵੀ

**(3)** ਸਰਕਾਰ ਦੇ ਜ਼ੁਲਮ ਦੀ

**(4)** ਸੰਨਿਆਸੀਆਂ ਦੀ

## Section C

### ਭਾਗ (ੲ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸੁਆਲਾਂ ਦੇ ਉੱਤਰ ਪੂਰੇ ਵਾਕਾਂ ਰਾਹੀਂ ਆਪਣੇ ਸ਼ਬਦਾਂ ਵਿੱਚ ਦਿਓ :*

ਮਹਾਰਾਜਾ ਰਣਜੀਤ ਸਿੰਘ ਦੇ ਬਾਕਾਇਦਾ ਸਿਖਿਆ ਪ੍ਰਾਪਤ ਕਰਨ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਹਵਾਲੇ ਜ਼ਰੂਰ ਮਿਲਦੇ ਹਨ ਕਿ ਉਹ ਸ਼ਸਤਰ ਵਿਦਿਆ ਵਿੱਚ ਚੋਖੀ ਦਿਲਚਸਪੀ ਰੱਖਦਾ ਸੀ। ਪਿਤਾ ਦੀ ਛੇਤੀ ਮੌਤ ਹੋ ਜਾਣ ਕਰਕੇ ਉਸ ਨੂੰ ਰਾਜ ਭਾਗ ਦੀ ਜ਼ਿਮੇਵਾਰੀ ਛੋਟੀ ਉਮਰੇ ਹੀ ਸੰਭਾਲਣੀ ਪਈ। ਮਹਾਰਾਜਾ ਰਣਜੀਤ ਸਿੰਘ ਦੀ <u>ਪ੍ਰਤਿਭਾ</u> ਬਾਰੇ ਇੱਕ ਅੰਗ੍ਰੇਜ਼ ਫੌਜੀ ਅਫਸਰ ਕੈਪਟਨ ਮੱਰੇ ਲਿਖਦਾ ਹੈ ਕਿ ਅਸੀਂ ਮਹਾਰਾਜਾ ਸਾਹਿਬ ਦੀ ਭਰਪੂਰ <u>ਸ਼ਲਾਘਾ</u> ਕੀਤੇ ਬਿਨਾਂ ਨਹੀਂ ਰਹਿ ਸਕਦੇ, ਜਿਸ ਨੇ ਬਹੁਤ ਸਾਰੀਆਂ ਮੁਸ਼ਕਲਾਂ 'ਚੋਂ ਲੰਘ ਕੇ ਇੱਕ ਮਾਮੂਲੀ ਸਰਦਾਰੀ ਤੋਂ ਉਠਕੇ ਆਪਣੇ ਆਪ ਨੂੰ ਇੱਕ ਵਿਸ਼ਾਲ ਤੇ ਆਜ਼ਾਦ ਰਾਜ ਦਾ ਬਾਦਸ਼ਾਹ ਬਣਾ ਲਿਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਖਾਸ ਵਿਸ਼ੇਸ਼ਤਾ ਇਸ ਦੀ ਲੋਕ ਭਲਾਈ ਅਤੇ ਧਰਮ ਨਿਰਪੇਖਤਾ ਸੀ। ਇੱਕ ਪਾਕਿਸਤਾਨੀ ਲਿਖਾਰੀ ਆਪਣੀ ਪੁਸਤਕ "ਦਾ ਰੀਅਲ ਰਣਜੀਤ ਸਿੰਘ" ਵਿੱਚ ਲਿਖਦਾ ਹੈ ਕਿ ਰਣਜੀਤ ਸਿੰਘ ਇੱਕ ਸਿੱਖ ਹੁਕਮਰਾਨ ਸੀ ਪਰ ਉਹ ਆਪਣੀ ਸਾਰੀ ਪਰਜਾ ਹਿੰਦੂ, ਸਿੱਖ ਅਤੇ ਮੁਸਲਮਾਨ, ਦੇ ਦਿਲਾਂ ਤੇ ਇੱਕੋ ਜਿਹਾ ਰਾਜ ਕਰਦਾ ਸੀ। ਮਹਾਰਾਜਾ ਭਾਵੇ ਆਪ ਅਨਪੜ੍ਹ ਸੀ ਪਰ ਪੜ੍ਹਿਆਂ ਲਿਖਿਆਂ ਦੀ ਬਹੁਤ ਕਦਰ ਕਰਦਾ ਸੀ।

ਛੋਟੀ ਉਮਰ ਵਿੱਚ ਹੀ ਚੇਚਕ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਅੱਖ ਜਾਂਦੀ ਰਹੀ ਸੀ ਤੇ ਚਿਹਰੇ ਤੇ ਭੀ ਦਾਗ ਪੈ ਗਏ ਸਨ। ਇਸ ਬਾਰੇ ਮਹਾਰਾਜਾ ਸਾਹਿਬ ਕਿਹਾ ਕਰਦੇ ਸਨ ਕਿ ਵਾਹਿਗੁਰੂ ਨੇ ਮੇਰੀ ਇੱਕ ਅੱਖ ਇਸ ਲਈ ਖੋਹ ਲਈ ਹੈ ਤਾਂ ਜੋ ਮੈਂ ਸਾਰਿਆਂ ਨੂੰ ਇੱਕੋ ਅੱਖ ਨਾਲ ਵੇਖਾਂ। ਏਸੇ ਆਸ਼ੇ ਅਨੁਸਾਰ ਮਹਾਰਾਜੇ ਨੇ ਸਭ ਧਰਮਾਂ ਦਾ ਸਤਿਕਾਰ ਕਰਦਿਆਂ ਮੰਦਰ, ਮਸਜਿਦ ਤੇ ਗੁਰਦੁਆਰਿਆਂ ਦੀ ਉਸਾਰੀ ਲਈ ਮਾਲੀ ਸਹਾਇਤਾ ਕੀਤੀ ਅਤੇ ਜਗੀਰਾਂ ਲਗਵਾਈਆਂ। ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗੁੰਬਦ ਉੱਤੇ ਸੋਨੇ ਦੇ ਪੱਤਰੇ ਚੜ੍ਹਵਾਏ ਅਤੇ ਡੇਰਾ ਸਾਹਿਬ ਲਾਹੌਰ ਦੀ ਉਸਾਰੀ ਕਰਵਾਈ।

ਰਣਜੀਤ ਸਿੰਘ ਸਹੀ ਅਰਥਾਂ ਵਿੱਚ <u>ਸੁਘੜ</u> ਸਿਆਸਤਦਾਨ ਅਤੇ ਬਹਾਦਰਾਂ ਦੀ ਕਦਰ ਕਰਨ ਵਾਲਾ ਰਾਜਾ ਸੀ। ਉਸਦੇ ਹਿਰਦੇ ਅੰਦਰ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਸੀ। ਮਹਾਰਾਜੇ ਨੇ ਪੰਜਾਬ ਵਿੱਚ ਇੱਕ ਪਾਏਦਾਰ ਹਕੂਮਤ ਹੀ ਕਾਇਮ ਨਹੀਂ ਕੀਤੀ ਬਲਕਿ ਇੱਕ ਚੰਗਾ ਸਿਵਲ ਇੰਤਜ਼ਾਮੀਆਂ ਢਾਂਚਾ ਵੀ ਵਜੂਦ ਵਿੱਚ ਲਿਆਂਦਾ। ਇੱਕ ਸਫਲ ਨੀਤੀਵਾਨ ਅਤੇ ਜੋਧੇ ਵਜੋਂ ਉਸਨੇ 600 ਸਾਲਾਂ ਦੀ ਗੁਲਾਮੀ ਦਾ ਜੂਲਾ ਆਪਣੀ ਤਲਵਾਰ ਅਤੇ ਹਿੰਮਤ ਨਾਲ ਲਾਹ ਕੇ ਇੱਕ ਵੱਡਾ ਰਾਜ ਕਾਇਮ ਕੀਤਾ। ਨਿਰਸੰਦੇਹ ਹੀ ਇਨ੍ਹਾਂ ਪ੍ਰਾਪਤੀਆਂ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਤੀਖਣ ਬੁੱਧੀ, ਸਿਆਸੀ ਸੂਝ ਬੂਝ, ਨਿਰਭੈਤਾ, ਦਲੇਰੀ ਤੇ ਉੱਚ ਕੋਟੀ ਦੇ <u>ਪ੍ਰਸ਼ਾਸਕ</u> ਹੋਣ ਦਾ ਸਬੂਤ ਮਿਲਦਾ ਹੈ।

ਅਫਸੋਸ ਕੇਵਲ ਇਸ ਗੱਲ ਦਾ ਹੈ ਕਿ ਰਣਜੀਤ ਸਿੰਘ ਪੂਰਾ ਸਮਾਂ ਲੜਾਈਆਂ ਵਿੱਚ <u>ਮਸਰੂਫ</u> ਰਹਿਣ ਕਾਰਨ ਆਪਣੀਆਂ ਜਿੱਤਾਂ ਨੂੰ ਪੂਰੀ ਤਰ੍ਹਾਂ ਪੱਕੇ ਪੈਰੀਂ ਨਾ ਕਰ ਸਕਿਆ ਤੇ ਕੋਈ ਚੰਗਾ ਜਾਨ-ਨਸ਼ੀਨ ਨਾ ਹੋਣ ਕਾਰਨ ਮਹਾਨ ਘਾਲਾਂ ਨਾਲ ਉਸਰਿਆ ਇਹ ਰਾਜ ਸਿਰਫ ਦਸ ਸਲਾਂ ਵਿੱਚ ਹੀ ਭੰਗ ਦੇ ਭਾੜੇ ਚਲਾ ਗਿਆ।

© UCLES 2004

**C6 OE Comprehension** **[36 marks]**

**ਸਮਝਣਾ- ਮੁਕਤ ਉੱਤਰ ਵਾਲੇ ਸੁਆਲ**

**33** ਵਾਰਤਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਸਿਖਿਆ ਅਤੇ ਸ਼ਸਤਰ ਵਿਦਿਆ ਬਾਰੇ ਕਿਸ ਪ੍ਰਕਾਰ ਦੇ ਹਵਾਲੇ ਮਿਲਦੇ ਹਨ ? ਉਸ ਨੇ ਰਾਜ ਭਾਗ ਦੀ ਜ਼ੁੰਮੇਵਾਰੀ ਕਦੋਂ ਸੰਭਾਲੀ ?

**34** ਮਹਾਰਾਜਾ ਰਣਜੀਤ ਸਿੰਘ ਦੀ ਪ੍ਰਤਿਭਾ ਬਾਰੇ ਅੰਗਰੇਜ਼ ਅਫਸਰ ਕੈਪਟਨ ਮੱਰੇ ਨੇ ਕੀ ਲਿਖਿਆ ਹੈ ? ਕੋਈ ਚਾਰ ਗੱਲਾਂ ਦੱਸੋ ।

**35** ਮਹਾਰਾਜਾ ਰਣਜੀਤ ਸਿੰਘ ਦੇ ਕੋਈ ਦੋ ਵਿਸ਼ੇਸ਼ ਗੁਣ ਵਰਨਣ ਕਰੋ ।

**36** ਮਹਾਰਾਜੇ ਨੇ ਧਰਮ ਅਸਥਾਨਾਂ ਦੀ ਕਿਵੇਂ ਸਹਾਇਤਾ ਕੀਤੀ ਅਤੇ ਇਹ ਧਰਮ ਅਸਥਾਨ ਕਿਹੜੇ ਤੇ ਕਿੱਥੇ ਹਨ ?

**37** ਮਹਾਰਾਜਾ ਰਣਜੀਤ ਸਿੰਘ ਦਾ ਇੱਕ ਵੱਡਾ ਤੇ ਪਾਏਦਾਰ ਰਾਜ ਕਿਹੜੇ ਗੁਣਾਂ ਕਰਕੇ ਸਥਾਪਤ ਹੋਇਆ ? ਕੋਈ ਚਾਰ ਗੁਣ ਦੱਸੋ ।

**38** ਵਾਰਤਾ ਅਨੁਸਾਰ ਰਣਜੀਤ ਸਿੰਘ ਪਿੱਛੋਂ ਉਸ ਦੇ ਵਿਸ਼ਾਲ ਰਾਜ ਦਾ ਕੀ ਬਣਿਆ ਅਤੇ ਉਸਦੇ ਕੀ ਕਾਰਨ ਸਨ ?

**C7 Vocabulary** **[10 marks]**

**ਸ਼ਬਦਾਰਥ**

*ਉਪਰੋਕਤ ਵਾਰਤਕ ਅੰਸ਼ ਵਿੱਚ ਹੇਠ ਲਿਖੇ ਲਕੀਰੇ ਸ਼ਬਦ ਆਏ ਹਨ, ਉਨ੍ਹਾਂ ਦਾ ਅਰਥ ਲਿਖੋ ਜਿਵੇਂ ਉਹ ਵਾਰਤਕ-ਅੰਸ਼ ਵਿੱਚ ਵਰਤੇ ਗਏ ਹਨ ।*

**39** ਪ੍ਰਤਿਭਾ

**40** ਸ਼ਲਾਘਾ

**41** ਸੁਘੜ

**42** ਪ੍ਰਸ਼ਾਸਕ

**43** ਮਸਰੂਫ

End of Paper

© UCLES 2004

BLANK PAGE

**BLANK PAGE**

*Copyright Acknowledgements:*

Section B. The Readers Digest, July 1994.

Every reasonable effort has been made to trace all copyright holders. The publishers would be pleased to hear from anyone whose rights we have unwittingly infringed.

University of Cambridge International Examinations is part of the University of Cambridge Local Examinations Syndicate (UCLES), which is itself a department of the University of Cambridge.